Topic Notes Date

# "ਅੰਮ੍ਰਿਤਾ ਸ਼ੇਰਗਿੱਲ"

## ★ ਜਨਮ ਅਤੇ ਮਾਤਾ ਪਿਤਾ:

ਅੰਮ੍ਰਿਤਾ ਸ਼ੇਰਗਿੱਲ ਦਾ ਜਨਮ 30 ਜਨਵਰੀ 1913 ਨੂੰ ਬੁਦਾਪੇਸਤ (ਹੰਗਰੀ) ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਮ ਸ੍ਰ. ਉਮਰਾਓ ਸਿੰਘ ਸ਼ੇਰਗਿੱਲ ਅਤੇ ਮਾਤਾ ਜੀ ਦਾ ਨਾਮ ਮੇਰੀ ਐਂਨਤੋਇਨਤ ਸੀ। ਉਸਦੀ ਇੱਕ ਉਸ ਤੋਂ 14 ਸਾਲ ਛੋਟੀ ਭੈਣ ਇੰਦਰਾ ਵੀ ਸੀ।

## ★ ਬਚਪਨ ਅਤੇ ਜੀਵਨ ਘਟਨਾਵਾਂ:

ਅੰਮ੍ਰਿਤਾ ਸ਼ੇਰਗਿੱਲ ਨੇ ਪੰਜ ਸਾਲ ਦੀ ਉਮਰ ਵਿੱਚ ਹੀ ਡਰਾਇੰਗ ਕਰਨੀ ਸ਼ੁਰੂ ਕਰ ਦਿੱਤੀ। ਉਸਦੇ ਪੜ੍ਹਨ ਦ ਪ੍ਰਬੰਧ ਸਕੂਲ ਦੀ ਥਾਂ ਤੇ ਘਰ ਵਿੱਚ ਹੀ ਕੀਤਾ ਗਿਆ। 1921 ਵਿੱਚ ਉਸਦਾ ਪਰਿਵਾਰ ਸ਼ਿਮਲੇ ਆ ਗਿਆ। ਗਿਆਰਾਂ ਸਾਲ ਦੀ ਉਮਰ ਵਿੱਚ ਉਸਦੇ ਬਣਾਏ ਚਿਤਰਾਂ ਅਤੇ ਰੰਗੀਲੀਆਂ ਪੇਂਟਿੰਗਾਂ ਨੇ ਲੋਕਾਂ ਨੂੰ ਚਕਿੱਤ ਕਰ ਦਿੱਤਾ। ਇਸ ਤੋਂ ਬਾਅਦ ਉਸਨੇ ਫਰੈਂਚ ਸਿੱਖ ਲਈ।

ਉਸਦੀ ਪੇਂਟਿੰਗ ਜੁਆਨ ਕੁੜੀਆਂ ਨੂੰ ਪੈਰਿਸ ਵਿਖੇ 1933 ਵਿੱਚ ਗੋਲਡ ਮੈਡਲ ਮਿਲਿਆ ਅਤੇ ਉਹ ਗ੍ਰੈਂਡ ਸਾਲੋਨ ਦੀ ਐਸੋਸੀਏਟ ਵੀ ਚੁਣੀ ਗਈ। ਲਿਊਸਨ ਸਾਈਮਨ ਉਸਦ ਗੁਰੂ ਸੀ। 1934 ਵਿੱਚ ਉਹ ਆਪਣੇ ਪਿਤਾ ਦੀ ਇੱਛਾ ਦੇ ਉਲਟ ਭਾਰਤ ਆ ਗਈ। ਅੰਮ੍ਰਿਤਾ ਸ਼ੇਰਗਿੱਲ ਲਗੀਜ਼

DESIGNER

ਖਾਣੇ ਖਾਣ ਦੀ ਸ਼ੌਕੀਨ ਸੀ।

## ★ ਵਿਆਹ :

ਸੰਨ 1933 ਵਿੱਚ ਉਸਨੇ ਆਪਣੇ ਮਾਪਿਆਂ ਦੇ ਵਿਰੋਧ ਦੇ ਬਾਵਜੂਦ ਆਪਣੇ ਮਾਮੇ ਦੇ ਪੁੱਤਰ ਡਾ. ਵਿਕਟਰ ਐਗਨ ਨਾਲ ਸ਼ਾਦੀ ਕਰ ਲਈ। ਕਿਉਂਕਿ ਉਹ ਜਾਣਦੀ ਸੀ ਕਿ ਕਿਸੇ ਭਾਰਤੀ ਅਮੀਰ ਪਤੀ ਨਾਲ ਉਸਦੀ ਨਿਭੇਗੀ ਨਹੀਂ। ਦੂਜਾ ਮਹਾਂਯੁੱਧ ਛਿੜਨ ਤੋਂ ਪਹਿਲਾ ਇਹ ਜੋੜਾ ਭਾਰਤ ਆ ਗਿਆ। ਪਹਿਲਾ ਉਹ ਕੁਝ ਸਮਾਂ ਦਿੱਲੀ ਰਹੇ ਅਤੇ ਫਿਰ ਸ਼ਿਮਲੇ। ਡਾ. ਐਗਨ ਨੂੰ ਅੰਮ੍ਰਿਤਾ ਦੇ ਚਾਚੇ ਸ. ਸੁੰਦਰ ਸਿੰਘ ਮਜੀਠੀਆ ਦੀ ਸ਼ੂਗਰ ਮਿੱਲ ਵਿੱਚ ਨੌਕਰੀ ਮਿਲ ਗਈ।

## ਦੋਸਤ ਮਿੱਤਰ :

ਅੰਮ੍ਰਿਤਾ ਨਾ ਆਦਰਸ਼ਕ ਪਿਆਰ ਵਿੱਚ ਯਕੀਨ ਰੱਖਦੀ ਸੀ। ਉਸ ਉਪਰ ਪੈਰਿਸ ਦੀ ਮਸ਼ਹੂਰ ਪਿਆਨੋ ਵਾਦਕ ਮੇਰੀ ਲੋਈਜ਼ ਨਾਲ ਹਮ ਜਿਨਸੀ ਸੰਬੰਧਾਂ ਦੇ ਦੋਸ਼ ਲੱਗੇ। ਉਸਨੇ ਫੱਕਰ ਜ਼ਿੰਦਗੀ ਬਤੀਤ ਕੀਤੀ ਅਤੇ ਦਰਿਆ ਸੋਲਨ ਦੇ ਕੰਢੇ ਦੇ ਕਲਾਕਾਰਾਂ ਤੇ ਚਿਤਰਕਾਰਾਂ ਨਾਲ ਘੁਲ ਮਿਲ ਕੇ ਰਹੀ।

## ਭਾਰਤੀ ਜੀਵਨ ਦੀ ਖਿੱਚ :

ਪੈਰਿਸ ਵਿੱਚ ਲੰਮਾਂ ਸਮਾਂ ਠਹਿਰਨ ਸਮੇਂ ਉਸਨੂੰ ਹਮੇਸ਼ਾ ਭਾਰਤੀ ਜੀਵਨ ਦੇ ਬਿੰਬ ਮੁੜ-ਮੁੜ ਯਾਦ ਆਉਂਦੇ ਸਨ। ਉਹ ਪੈਰਿਸ ਨੂੰ ਛੱਡ ਕੇ ਭਾਰਤ ਪਰਤਣ ਬਾਰੇ ਸੋਚਣ ਲੱਗੀ। ਉਸਨੇ 1934 ਵਿੱਚ

ਸਾਇਆ ਵਲ ਲਿਖੀ ਇਕ ਚਿੱਠੀ ਵਿੱਚ ਕਿਹਾ ਕਿ ਅਜੰਤਾ ਦਾ ਇਕ ਕੰਧ ਚਿਤਰ ਉਸ ਨੂੰ ਯੂਰਪ ਦੇ ਪੁਨਰ ਜਾਗਰਨ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਲੱਗਦਾ ਹੈ।

## ਅੰਮ੍ਰਿਤਾ ਦਾ ਭਾਰਤ ਪਰਤਣਾ:

ਅੰਮ੍ਰਿਤਾ ਸ਼ੇਰਗਿੱਲ ਆਪਣੀ ਇੱਛਾ ਦੀ ਪਰਵਾਹ ਨਾ ਕਰਦੇ ਹੋਏ ਸੰਨ 1934 ਵਿੱਚ ਭਾਰਤ ਆ ਗਈ। ਉਹ ਆਪਣੇ ਯੂਰਪੀਨ ਪਿਛੋਕੜ ਨੂੰ ਛੱਡ ਆਈ ਅਤੇ ਉਸ ਨੇ ਭਾਰਤੀ ਜ਼ਿੰਦਗੀ ਤੇ ਕੁਦਰਤੀ ਖ਼ੂਬੀਆਂ ਨੂੰ ਸਮਕਾਲੀ ਰੰਗਾਂ ਦੀ ਭਾਸ਼ਾ ਵਿੱਚ ਚਿਤਰਿਆ।

## ਭਾਰਤ ਦੀਆਂ ਲੋਕ ਕਲਾਵਾਂ ਪ੍ਰਤੀ ਮੋਹ:

ਅੰਮ੍ਰਿਤਾ ਨੂੰ ਭਾਰਤ ਦੀਆਂ ਲੋਕ-ਕਲਾਵਾਂ, ਮਿਲਚ, ਫੁਲਕਾਰੀਆਂ ਅਤੇ ਸੱਡੀ ਉੱਤੇ ਬੁਣੇ ਰੇਸ਼ਮ ਦੀ ਖੂਬਸੂਰਤੀ ਨੇ ਕੀਲ ਲਿਆ। ਉਸਨੂੰ ਹਿੰਦੁਸਤਾਨੀ ਲੋਕਾਂ ਵਿੱਚ ਵਿਦੇਸ਼ੀ ਚੀਜ਼ਾਂ ਦੀ ਖਿੱਚ ਦੇਖ ਬਹੁਤ ਹੈਰਾਨੀ ਹੋਈ। ਉਹ ਹਿੰਦੁਸਤਾਨੀ ਬੱਚਿਆਂ ਨੂੰ ਵਧੇਰੇ ਖੂਬਸੂਰਤ ਸਮਝਦੀ ਸੀ। ਉਸਨੇ ਆਪਣਾ ਪੱਛਮੀ ਪਹਿਰਾਵਾ ਤਿਆਗ ਕੇ ਸਾੜੀ ਅਤੇ ਬਲਾਉਜ਼ ਪਹਿਨਣੀ ਸ਼ੁਰੂ ਕਰ ਦਿੱਤੀ।

## ਖੂਬਸੂਰਤੀ ਅਤੇ ਅਮੀਰ ਪਹਿਰਾਵਾ:

ਦੋ ਚੀਜ਼ਾਂ ਅੰਮ੍ਰਿਤਾ ਦੀਆਂ ਵੈਰੀ ਬਣ ਗਈਆਂ। ਉਸ ਦੀ ਦਿਲ ਫਰੇਬ ਖੂਬਸੂਰਤੀ ਅਤੇ ਅਮੀਰ ਪਹਿਰਾਵਾ। ਕਈਆਂ ਨੇ

ਉਸ ਦੀ ਸਫ਼ਲਤਾ ਦਾ ਰਾਜ਼ ਦੱਸਿਆ, ਜਿਸ ਨਾਲ ਉਸ ਦੇ ਮਨ ਨੂੰ ਡੂੰਘੀ ਠੇਸ ਵੱਜੀ। ਜਦੋਂ ਲੇਖਕ ਉਸ ਦੀ ਗਲਤ ਕਾਰਨਾਂ ਕਰਕੇ ਤਾਰੀਫ਼ ਕਰਦੇ, ਜਾਂ ਉਸਦੀ ਕਿਸੇ ਘਟੀਆ ਪੇਂਟਿੰਗਾ ਨੂੰ ਸਲਾਹੁੰਦੇ, ਤਾਂ ਉਸਨੂੰ ਗੁੱਸਾ ਚੜ੍ਹ ਜਾਂਦਾ। ਇਸੇ ਕਰਕੇ 1935 ਨੂੰ ਜਦੋਂ ਸ਼ਿਮਲੇ ਆਰਟ ਸੁਸਾਇਟੀ ਵੱਲੋਂ ਲਾਈ ਪ੍ਰਦਰਸ਼ਨੀ ਦੇ ਜੱਜਾਂ ਨੇ ਉਸ ਦੀਆਂ ਪੰਜ ਸ੍ਰੇਸ਼ਟ ਪੇਂਟਿੰਗਾਂ ਰੱਦ ਕਰਕੇ ਉਸਦੀ ਇਕ ਘਟੀਆ ਪੇਂਟਿੰਗ ਨੂੰ ਇਨਾਮ ਦਿੱਤਾ, ਤਾਂ ਉਸਨੇ ਚੈੱਕ ਵਾਪਿਸ ਕਰ ਦਿੱਤਾ ਜਿਸ ਨਾਲ ਭਾਰਤੀ ਜਗਤ ਕਲਾ ਵਿੱਚ ਉਸਦੀ ਬਹੁਤ ਸੋਭਾ ਹੋਈ।

## ਵਿਲੱਖਣ ਅਤੇ ਪ੍ਰਭਾਵਸ਼ਾਲੀ ਚਿੱਤਰਕਾਰ:

ਅੰਮ੍ਰਿਤਾ ਸ਼ੇਰਗਿੱਲ ਬਚਪਨ ਤੋਂ ਹੀ ਚਿੱਤਰਕਾਰੀ ਵਿੱਚ ਦਿਲਚਸਪੀ ਰੱਖਦੀ ਸੀ। ਪੰਜ ਸਾਲ ਦੀ ਉਮਰ ਵਿੱਚ ਉਸਨੇ ਡਰਾਇੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਇਲਾਵਾ ਉਹ ਆਲੇ ਦੁਆਲੇ ਦੇ ਦ੍ਰਿਸ਼ਾਂ, ਹੰਗਰੀ ਦੀਆ ਦੇਵ ਕਹਾਣੀਆਂ, ਮੱਧ ਕਾਲ ਦੇ ਕਿਲ੍ਹਿਆਂ, ਕੁਦਰਤੀ ਨਜ਼ਾਰਿਆਂ ਅਤੇ ਕਿਸਾਨਾਂ ਨੂੰ ਗੂੜ੍ਹੇ ਰੰਗਾਂ ਵਿੱਚ ਪੇਂਟ ਕਰਦੀ। ਉਸਨੇ ਆਪਣੇ ਜੀਵਨ ਵਿੱਚ ਬਹੁਤ ਸਾਰੇ ਚਿੱਤਰ ਬਣਾਏ ਅਤੇ ਪ੍ਰਸ਼ੰਸਾ ਪ੍ਰਾਪਤ ਕੀਤੀ। ਉਸਨੇ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਮੌਕਿਆਂ ਉੱਤੇ ਆਪਣੇ ਬਣਾਏ ਚਿੱਤਰਾਂ ਦੀਆਂ ਪ੍ਰਦਰਸ਼ਨੀਆਂ ਲਾਈਆਂ। ਅੰਮ੍ਰਿਤਾ ਸ਼ੇਰਗਿੱਲ ਇਕ ਵਿਅਕਤੀਵਾਦੀ ਚਿੱਤਰਕਾਰ ਹੈ। ਉਸਨੇ

ਕਲਾ ਦੇ ਖੇਤਰ ਵਿੱਚ ਇਕ ਨਵੀਂ ਤਕਨੀਕ ਵਰਤੀ । ਉਸਨੇ ਭਾਰਤ ਦੇ ਗਰੀਬ ਲੋਕਾਂ ਦੀ ਜ਼ਿੰਦਗੀ ਨੂੰ ਪੂਰੇ ਸਮਰਪੇ ਨਾਲ ਅਤੇ ਮਨੋਵਿਗਿਆਨਿਕ ਅੰਤੇ ਸੁਹਜਮਈ ਪ੍ਰਬੀਨਤਾ ਤੇ ਖ਼ੂਮਟੀ ਨਾਲ ਚਿਤਰਿਆ । ਚਿਤਰ ਬਣਾਉਂਦਿਆਂ ਉਹ ਕਿਸੇ ਵਿਸ਼ੇਸ਼ ਵਿਅਕਤੀ ਦੀ ਡੀਲ ਡੌਲ ਦੀ ਥਾਂ ਉਸ ਦੇ ਸਚਿੱਤਰ ਢੰਗ, ਰੰਗ ਅਤੇ ਵਿਉਂਤ ਵਿੱਚ ਦਿਲਚਸਪੀ ਲੈਂਦੀ ਸੀ ।

## ਕਲਾ - ਸਮਾਲੋਚਕ :

ਅੰਮ੍ਰਿਤਾ ਸ਼ੇਰਗਿੱਲ ਕਲਾ ਆਲੋਚਕ ਵੀ ਸੀ । ਉਸਨੂੰ ਸਮਕਾਲੀ ਭਾਰਤੀ ਕਲਾ ਦਾ ਪੁਨਰ ਜਾਗਰਤੀ ਬਹੁਤ ਫਿੱਕੀ ਲੱਗੀ । ਉਸਨੂੰ ਬੰਗਾਲੀ ਸਕੂਲ ਦੀਆਂ ਪੇਂਟਿੰਗਾਂ ਦਾ ਆਰਟ ਰਸੱਚ ਸਰਕਿਆ ਲੱਗਾ । ਉਸਦਾ ਵਿਸ਼ਵਾਸ ਸੀ ਕਿ ਕਿਸੇ ਪੇਂਟਿੰਗ ਵਿੱਚ ਵਿਸ਼ੇ ਦੀ ਏਨੀ ਮਹੱਤਤਾ ਨਹੀਂ ਹੁੰਦੀ, ਸਗੋਂ ਪੇਂਟਿੰਗ ਆਪਣੇ ਆਪ ਵਿੱਚ ਪ੍ਰਾਸੰਗਿਕ ਮਹੱਤਤਾ ਰੱਖਦੀ ਹੈ । ਜਿਹੜੀਆਂ ਪੇਂਟਿੰਗਾਂ ਕੋਈ ਕਹਾਣੀ ਦੱਸਦੀਆਂ ਹੋਣ, ਉਹਨਾਂ ਨੂੰ ਉਹ ਨਿਹਾਇਤ ਘਟੀਆ ਸਮਝਦੀ ਸੀ। ਭਵਿੱਖ ਵਿੱਚ ਸਿਰਜਣ ਲਈ ਕਲਾ ਆਲੋਚਕ ਦੇ ਕਸਪੋਦਰ ਅਨੁਸਾਰ ਸ਼ੇਰਗਿੱਲ ਦੀਆਂ ਪੇਂਟਿੰਗਾਂ ਵਿੱਚ ਇਕ ਅਜੀਬ ਉਦਾਸੀ ਝਲਕਦੀ ਹੈ । ਉਹ ਵਿਲੱਖਣ ਰੁਮਾਂਟਿਕ ਤੱਤ ਭਾਰਤੀ ਲਘੂ - ਚਿੱਤਰਾਂ ਤੇ ਭਾਰਤੀ ਕਲਾਸਕੀ ਸੰਗੀਤ ਦੀਆਂ ਰਸਾਂ ਵਿੱਚ ਪਰਖਦਾ ਹੈ । ਅੰਮ੍ਰਿਤਾ ਦੀ ਕਲਾ ਵਿੱਚ ਵੀ ਲਘੂ ਚਿਤਰਾਂ ਦੀ ਨਿਰੰਤਰਤਾ ਨਜ਼ਰ ਆਉਂਦੀ ਹੈ ।

## ★ ਦਿਲ-ਫਰੇਬ ਅਤੇ ਹੁਸੀਨ ਸ਼ਖਸੀਅਤ :

ਲੇਖਕ ਅੰਮ੍ਰਿਤਾ ਸ਼ੇਰਗਿੱਲ ਦੀ ਹੁਸੀਨ ਸ਼ਖਸੀਅਤ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ : ਮੈਂ ਆਪਣੇ ਦੋਸਤਾਂ ਨਾਲ ਨੁਮਾਇਸ਼ ਦੇਖਣ ਗਿਆ। ਉੱਥੇ ਇਕ ਖ਼ੂਬਸੂਰਤ ਔਰਤ ਦੇਖੀ, ਜੋ ਖ਼ੁਦ ਇਕ ਖ਼ੂਬਸੂਰਤ ਪੇਂਟਿੰਗ ਵਾਂਗ ਲੱਗਦੀ ਸੀ। ਇਹ ਸੀ, ਅੰਮ੍ਰਿਤਾ ਸ਼ੇਰਗਿੱਲ। ਲੇਖਕ ਕਹਿੰਦਾ ਹੈ ਕਿ ਅੰਮ੍ਰਿਤਾ ਸ਼ੇਰਗਿੱਲ ਦੀ ਖ਼ੂਬਸੂਰਤੀ ਨੂੰ ਫੋਟੋਗਰਾਫ਼ ਵਿੱਚ ਨਹੀਂ ਫੜਿਆ ਜਾ ਸਕਦਾ।

## ★ ਬੇਬਾਕ :

ਅੰਮ੍ਰਿਤਾ ਸ਼ੇਰਗਿੱਲ ਬੜੀ ਬੇਬਾਕ ਸੀ। 1937 ਵਿੱਚ ਪੰਡਿਤ ਜਵਾਹਰਲਾਲ ਨਹਿਰੂ ਨੇ ਉਸਦੀ ਪ੍ਰਦਰਸ਼ਨੀ ਵੇਖਣ ਮਗਰੋਂ ਉਸਨੂੰ ਇਕ ਚਿੱਠੀ ਲਿਖਦਿਆਂ ਨਾਲ ਆਪਣੀ ਸ੍ਵੈਜੀਵਨੀ ਭੇਜੀ। ਉਸਦੇ ਜਵਾਬ ਵਿੱਚ ਅੰਮ੍ਰਿਤਾ ਨੇ ਕਿਹਾ ਕਿ, "ਮੇਰਾ ਖਿਆਲ ਹੈ, ਤੁਹਾਨੂੰ ਮੇਰੀਆਂ ਪੇਂਟਿੰਗਾਂ ਵਿੱਚ ਕੋਈ ਦਿਲਚਸਪੀ ਨਹੀਂ ਹੈ। ਤੁਸੀਂ ਮੇਰੀਆਂ ਤਸਵੀਰਾਂ ਤੇ ਸਿਰਫ਼ ਨਜ਼ਰ ਮਾਰੀ ਸੀ, ਦੇਖਿਆ ਨਹੀਂ ਸੀ।" ਇਸ ਪ੍ਰਕਾਰ ਅੰਮ੍ਰਿਤਾ ਬੜੀ ਬੇਬਾਕ ਅਤੇ ਨਿਡਰ ਸੀ।

## ★ ਅਣਖੀਲੀ :

ਅੰਮ੍ਰਿਤਾ ਬੜੀ ਅਣਖੀਲੀ ਸੀ। 1935 ਵਿੱਚ ਜਦੋਂ ਸ਼ਿਮਲਾ ਆਰਟ ਸੁਸਾਇਟੀ ਦੁਆਰਾ ਪ੍ਰਦਰਸ਼ਨੀ ਵਿੱਚ ਜੱਜਾਂ ਨੇ ਉਸਦੀਆਂ ਪੰਜ ਸ੍ਰੇਸ਼ਟ ਪੇਂਟਿੰਗਾਂ ਨੂੰ ਰੱਦ ਕਰਕੇ ਉਸਦੀ ਇਕ ਘਟੀਆ ਪੇਂਟਿੰਗ ਨੂੰ ਇਨਾਮ ਦੇ ਦਿੱਤਾ, ਤਾਂ ਉਸਨੇ ਇਨਾਮ ਵਾਪਿਸ ਕਰਦਿਆਂ

ਕਿਹਾ, ਇਹ ਇਨਾਮ ਕਿਸੇ ਉਸ ਆਰਟਿਸਟ ਨੂੰ ਦੇ ਦਿਉ ਜੋ ਤੁਹਾਡੇ ਇਨਾਮ ਨੂੰ ਇੱਜ਼ਤ ਦਾ ਤਮਗਾ ਸਮਝੇ ਤੇ ਜਿਸਦੀਆਂ ਪੇਂਟਿੰਗਾਂ ਤੁਹਾਡੀ ਉਸ ਘਟੀਆ ਪਰੰਪਰਾ ਦੀ ਪੁਸ਼ਟੀ ਕਰਨ, ਜਿਸ ਪਰੰਪਰਾ ਨੂੰ ਤੁਹਾਡੀ ਕਮੇਟੀ ਦੇ ਜੱਜਾਂ ਨੇ ਸੱਠਾਂ ਸਾਲਾਂ ਤੋਂ ਸਾਂਭ ਕੇ ਰੱਖਿਆ ਹੈ। ਇਸ ਮੂੰਹ ਤੋੜ ਜਵਾਬ ਨਾਲ ਭਾਰਤੀ ਕਲਾ ਜਗਤ ਵਿੱਚ ਅੰਮ੍ਰਿਤਾ ਦੀ ਬਹੁਤ ਸ਼ੋਭਾ ਹੋਈ।

## ਦੇਹਾਂਤ :

ਅੰਮ੍ਰਿਤਾ ਆਪਣੀ ਪ੍ਰਦਰਸ਼ਨੀ ਦੀ ਤਿਆਰੀ ਕਰ ਰਹੀ ਸੀ ਕਿ ਅਚਾਨਕ ਪੈੱਚਿਸ ਪੇਚਿਸ ਨਾਲ ਬਿਮਾਰ ਹੋ ਗਈ। ਅੰਤ 5 ਦਸੰਬਰ 1941 ਨੂੰ 28 ਸਾਲਾਂ ਦੀ ਉਮਰ ਵਿੱਚ ਉਸਦਾ ਦੇਹਾਂਤ ਹੋ ਗਿਆ। ਦੋ ਦਿਨ ਮਗਰੋਂ ਉਸਦਾ ਸਿੱਖ ਰਸਮਾਂ ਅਨੁਸਾਰ ਸਸਕਾਰ ਕਰ ਦਿੱਤਾ ਗਿਆ।